# ਪੰਜਾਬੀ ਯੂਨੀਵਰਸਿਟੀ ਪਟਿਆਲਾ

ਨੰ: 11153 /ਏ.ਐਸ(ਕਾਲਜ)

ਮਿਤੀ 23/9/1998

ਚੇਅਰਮੈਨ,
ਐਸ. ਐਸ. ਡੀ. ਵਿਮੈਨ ਇੰਸਟੀਚਿਊਟ ਆਫ ਟੈਕਨਾਲੋਜੀ,
ਬਠਿੰਡਾ(ਕੈਂਪਸ ਐਸ. ਐਸ. ਡੀ. ਗਰਲਜ਼ ਕਾਲਜ, ਬਠਿੰਡਾ)

ਵਿਸ਼ਾ:- ਤਕਨੀਕੀ ਕੋਰਸਾਂ ਲਈ ਸਬੰਧਤਾ ਦੇਣ ਬਾਰੇ।

****

ਸ੍ਰੀਮਤੀ ਜੀ,

ਇਸ ਦਾ ਸਬੰਧ ਡਿਪਟੀ ਡਾਇਰੈਕਟਰ, ਐਸ. ਐਸ. ਡੀ. ਵਿਮੈਨ ਇੰਸਟੀਚਿਊਟ ਆਫ ਟੈਕਨਾਲੋਜੀ, ਬਠਿੰਡਾ ਵੱਲੋਂ ਆਏ ਪੱਤਰ ਨੰ: 047/98/99 ਮਿਤੀ 1-8-98 ਨਾਲ ਹੈ।

ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ ਵਿਚ ਅਤੇ ਮੁਆਇਨਾ ਕਮੇਟੀ ਵੱਲੋਂ ਪੇਸ਼ ਕੀਤੀ ਗਈ ਰਿਪੋਰਟ (ਕਾਪੀ ਨੱਥੀ ਹੈ) ਵਿਚ ਦਰਜ ਸ਼ਰਤਾਂ ਦੀ ਪੂਰਤੀ ਦੀ ਆਸ ਤੇ ਸਾਲ 1998-99 ਵਾਸਤੇ ਹੇਠ ਲਿਖੇ ਕੋਰਸਾਂ ਆਰਜ਼ੀ ਤੌਰ ਤੇ ਚਾਲੂ ਕਰਨ ਦੀ ਪਰਵਾਨਗੀ ਦੇ ਦਿੱਤੀ ਹੈ:-

1. ਬੈਚੂਲਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ ਭਾਗ-ਪਹਿਲਾ
2. ਬੈਚੂਲਰ ਆਫ ਕੰਪਿਊਟਰ ਐਪਲੀਕੇਸ਼ਨ ਭਾਗ-ਪਹਿਲਾ
3. ਡਿਪਲੋਮਾ ਇਨ ਮੈਡੀਕਲ ਲੈਬਾਰਟਰੀ ਅਤੇ ਟੈਕਨਾਲੋਜੀ
4. ਪੀ. ਜੀ. ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ

ਡਿਪਲੋਮਾ ਇਨ ਸੇਲਜ਼ ਐਂਡ ਮਾਰਕੀਟਿੰਗ ਅਤੇ ਡਿਪਲੋਮਾ ਇਨ ਟੈਕਸੇਸ਼ਨ ਚਾਲੂ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਹੈ। ਇਸ ਦੇ ਨਾਲ ਹੀ 10 ਲੱਖ ਰੁਪਏ ਦੀ ਇੰਡੋਮੈਂਟ ਫੰਡ ਦੀ ਰਕਮ ਵੀ ਦੋ ਕਿਸ਼ਤਾਂ (5 ਲੱਖ+5 ਲੱਖ)ਵਿਚ ਜਮ੍ਹਾਂ ਕਰਵਾਉਣ ਦੀ ਆਗਿਆ ਵੀ ਦੇ ਦਿੱਤੀ ਹੈ। ਉਪਰੋਕਤ 4 ਕੋਰਸਾਂ ਲਈ 15000/-ਰੁਪਏ ਹਰ ਕੋਰਸ ਲਈ ਨਿਰਧਾਰਤ ਕੀਤੀ ਫੀਸ ਦੇ ਹਿਸਾਬ ਨਾਲ 60,000/-ਰੁਪਏ ਦਾ ਬੈਂਕ ਡਰਾਫਟ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੁਰੰਤ ਭੇਜਿਆ ਜਾਵੇ। ਇਸ ਦੇ ਨਾਲ ਹੀ ਮੁਆਇਨਾ ਕਮੇਟੀ ਵੱਲੋਂ ਲਗਾਈਆਂ ਸ਼ਰਤਾਂ ਦੀ ਪੂਰਤੀ ਕਰਕੇ ਵੇਰਵੇ ਸਹਿਤ ਸੂਚਨਾ ਦਫ਼ਤਰ ਨੂੰ ਭੇਜੀ ਜਾਵੇ। 5 ਲੱਖ ਰੁਪਏ ਦੀ ਬਕਾਇਆ ਰਕਮ ਵੀ 1999-2000 ਦੇ ਦਾਖਲਿਆਂ ਤੋਂ ਬਾਅਦ ਤੁਰੰਤ ਜਮ੍ਹਾਂ ਕਰਵਾਉਣੀ ਹੋਵੇਗੀ।

ਵਿਸ਼ਵਾਸ-ਪਾਤਰ,

(ਬਲਕਾਰ ਸਿੰਘ)
ਡੀਨ, ਕਾਲਜ ਵਿਕਾਸ ਕੌਂਸਲ

ਨੱਥੀ/ਮੁਆਇਨਾ ਰਿਪੋਰਟ ਦੀ ਕਾਪੀ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਐਸ.ਐਸ.ਡੀ.ਵਿਮਿਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਬਠਿੰਡਾ ਨੇ ਬੇਨਤੀ ਕੀਤੀ ਹੈ ਕਿ ਉਹ ਪੇਜ ਫਲੈ-15 'ੳ' ਤੇ ਦਰਸਾਏ ਅਨੁਸਾਰ 6 ਕੋਰਸ ਇਸ ਸੈਸ਼ਨ 1998-99 ਤੋਂ ਸ਼ੁਰੂ ਕਰਨਾ ਚਾਹੁੰਦੇ ਹਨ। ਇਨ੍ਹਾਂ ਵਿਚੋਂ ਕ੍ਰਮਾਂਕ 1-5 ਤੇ ਦਰਸਾਏ ਕੋਰਸ ਯੂਨੀਵਰਸਿਟੀ ਦੇ ਕਿਸੇ ਕਾਲਜ ਵਿਚ ਨਹੀਂ ਚਲਾਏ ਜਾ ਰਹੇ ਪਰੰਤੂ ਕ੍ਰਮਾਂਕ 6 ਤੇ ਦਰਸਾਇਆ ਕੋਰਸ (ਪੀ.ਜੀ.ਡੀ.ਸੀ.ਏ.) ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਤੇ ਇੰਜੀ: ਵਿਭਾਗ ਅਤੇ ਕੁਝ ਕਾਲਜਾਂ ਵਿਚ ਚਲਾਇਆ ਜਾ ਰਿਹਾ ਹੈ। ਕਾਲਜ ਦੀ ਬੇਨਤੀ ਤੇ ਵਿਚਾਰ ਕਰਨ ਲਈ ਯੂਨੀਵਰਸਿਟੀ ਦੀ ਨਿਮਨ ਕਮੇਟੀ ਨੇ ਮਿਤੀ 16.6.98 ਨੂੰ ਕਾਲਜ ਦਾ ਮੌਕੇ ਤੇ ਜਾ ਕੇ ਮੁਆਇਨਾ ਕੀਤਾ:-

1. ਡੀਨ ਅਕਾਦਮਿਕ ਮਾਮਲੇ
2. ਡੀਨ ਕਾਲਜ ਵਿਕਾਸ ਕੌਂਸਲ
3. ਔਫ਼ੀਸਰ ਔਨ ਸਪੈਸ਼ਲ ਡਿਊਟੀ (ਪ੍ਰੀਖਿਆਵਾਂ)

ਮੁਆਇਨੇ ਦੌਰਾਨ ਹੇਠ ਲਿਖੀਆਂ ਗੱਲਾਂ ਸਾਹਮਣੇ ਆਈਆਂ :-

1. ਐਸ.ਐਸ.ਡੀ.ਵਿਮਿਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਬਠਿੰਡਾ ਇਕ ਨਵੀਂ ਸੰਸਥਾ ਹੈ ਜਿਸ ਦੀ ਅਜੇ ਤੱਕ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤਾ ਨਹੀਂ ਹੈ।
2. ਇਸ ਸੰਸਥਾ ਦੀ ਨਵੀਂ ਬਿਲਡਿੰਗ ਲਗਭਗ ਮੁਕੰਮਲ ਹੋ ਚੁਕੀ ਹੈ (ਲਗਭਗ 15-20 ਦਿਨਾਂ ਦਾ ਕੰਮ ਹੋਣਾ ਰਹਿੰਦਾ ਹੈ)। ਇਹ ਬਿਲਡਿੰਗ ਇਨ੍ਹਾਂ ਕੋਰਸਾਂ ਨੂੰ ਚਲਾਉਣ ਲਈ ਕਾਫ਼ੀ ਜਾਪਦੀ ਹੈ।
3. ਇਹ ਇੰਸਟੀਚਿਊਟ, ਐਸ.ਐਸ.ਡੀ.ਗਰਲਜ਼ ਕਾਲਜ, ਬਠਿੰਡਾ ਦੇ ਕੈਂਪਸ ਵਿਚ ਹੀ ਸਥਿਤ ਹੈ ਅਤੇ ਇਹ ਦੋਵੇਂ ਸੰਸਥਾਵਾਂ ਇਕੋ ਮੈਨੇਜਮੈਂਟ ਵੱਲੋਂ ਚਲਾਈਆਂ ਜਾ ਰਹੀਆਂ ਹਨ। ਇਸ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ ਨੇ ਕਮੇਟੀ ਨੂੰ ਭਰੋਸਾ ਦਿੱਤਾ ਕਿ ਇਸ ਇੰਸਟੀਚਿਊਟ ਦੀਆਂ ਜਿਹੜੀਆਂ ਵਿਦਿਆਰਥਣਾਂ ਹੋਸਟਲ ਦੀ ਸਹੂਲਤ ਲੈਣਾ ਚਾਹੁੰਣਗੀਆਂ ਉਹ ਐਸ.ਐਸ.ਡੀ.ਗਰਲਜ਼ ਕਾਲਜ ਦੇ ਹੋਸਟਲ ਵਿਚ ਰਹਿ ਸਕਣਗੀਆਂ।

ਇਸ ਇੰਸਟੀਚਿਊਟ ਦੀ ਬੇਨਤੀ ਤੇ ਸਾਰੇ ਪੱਖਾਂ ਤੋਂ ਵਿਚਾਰ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਸਿਫ਼ਾਰਿਸ਼ਾਂ ਕੀਤੀਆਂ ਜਾਂਦੀਆਂ ਹਨ:-

(ੳ) ਇਸ ਸੰਸਥਾ ਨੂੰ ਇਨ੍ਹਾਂ ਕੋਰਸਾਂ ਨੂੰ ਚਲਾਉਣ ਦੀ ਆਗਿਆ ਦੇਣ ਤੋਂ ਪਹਿਲਾਂ ਯੂਨੀਵਰਸਿਟੀ ਨਾਲ ਸੰਬੰਧਿਤਾ ਲਈ ਨਿਯਮਾਂ ਅਨੁਸਾਰ ਬਣਦੀ ਫੀਸ ਜਮ੍ਹਾਂ ਕਰਵਾ ਲੈਣੀ ਚਾਹੀਦੀ ਹੈ।

(ਅ) ਇਸ ਸੰਸਥਾ ਤੋਂ ਨਿਯਮਾਂ ਅਨੁਸਾਰ ਨਿਸ਼ਚਿਤ "ਇੰਡੋਮੈਂਟ ਫੰਡ" ਦੀ ਰਾਸ਼ੀ ਵੀ ਜਮ੍ਹਾਂ ਕਰਵਾ ਲੈਣੀ ਚਾਹੀਦੀ ਹੈ।

(ੲ) ਇਸ ਸੰਸਥਾ ਵੱਲੋਂ ਉਕਤ ਫੀਸ ਅਤੇ ਫੰਡ ਦੀ ਰਾਸ਼ੀ ਜਮ੍ਹਾਂ ਕਰਵਾਉਣ ਉਪਰੰਤ ਸੈਸ਼ਨ 1998-99 ਤੋਂ ਨਿਮਨ ਕੋਰਸ ਚਲਾਉਣ ਦੀ ਆਗਿਆ ਦੇ ਦੇਣੀ ਚਾਹੀਦੀ ਹੈ:-

(1) ਬੈਚੂਲਰ ਆਫ਼ ਬਿਜ਼ਨੈਸ ਐਡਮਿਨਿਸਟ੍ਰੇਸ਼ਨ ਭਾਗ ਪਹਿਲਾ
(2) ਬੈਚੂਲਰ ਆਫ਼ ਕੰਪਿਊਟਰ ਐਪਲੀਕੇਸ਼ਨ ਭਾਗ ਪਹਿਲਾ
(3) ਡਿਪਲੋਮਾ ਇਨ ਮੈਡੀਕਲ ਲੈਬਾਰਟਰੀ ਟੈਕਨਾਲੋਜੀ ✓
(4) ~~ਡਿਪਲੋਮਾ ਇਨ ਸੇਲਜ਼ ਐਂਡ ਮਾਰਕਿਟਿੰਗ (ਇਕ ਸਾਲਾ)~~
(5) ~~ਡਿਪਲੋਮਾ ਇਨ ਟੈਕਸੇਸ਼ਨ (ਇਕ ਸਾਲਾ)~~
(6) ਪੋਸਟ ਗ੍ਰੈਜੂਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨਜ਼ (ਪੀਜੀਡੀਸੀਏ)

Scanned with CamScanner

(ਸ) ਉਕਤ ਕੋਰਸਾਂ ਨੂੰ ਚਲਾਣ ਦੀ ਪ੍ਰਵਾਨਗੀ ਹੇਠਾਂ ਲਿਖੀਆਂ ਸ਼ਰਤਾਂ ਤੇ ਦੇ ਦੇਣੀ ਚਾਹੀਦੀ ਹੈ ਕਿ:-

1. ਇਹ ਸੰਸਥਾ ਕਾਲਜ ਵਿਖੇ ਅਧਿਆਪਕਾਂ, ਲੈਬਾਰਟਰੀ ਅਤੇ ਲਾਇਬ੍ਰੇਰੀ ਆਦਿ ਬਾਰੇ ਲਗਾਈਆਂ ਸ਼ਰਤਾਂ ਨੂੰ ਪੂਰਾ ਕਰੇ।

2. ਸੰਸਥਾ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸਿਲੇਬਸ ਅਤੇ ਕੋਰਸਾਂ ਦੀ ਡਿਊਰੇਸ਼ਨ ਅਨੁਸਾਰ ਪੜ੍ਹਾਈ ਦਾ ਪ੍ਰਬੰਧ ਕਰੇਗੀ।

3. ਇਹ ਸੰਸਥਾ ਯੂਨੀਵਰਸਿਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਧਿਆਪਨ ਅਤੇ ਗੈਰ-ਅਧਿਆਪਨ ਅਮਲੇ ਦੀ ਨਿਯੁਕਤੀ, ਲਾਇਬ੍ਰੇਰੀ ਲਈ ਪੁਸਤਕਾਂ ਅਤੇ ਲੈਬਾਰਟਰੀ ਲਈ ਸਾਜ਼ੋ-ਸਾਮਾਨ ਦੀ ਖਰੀਦ ਕਰੇਗੀ।

ਸੋ, ਉਪਰੋਕਤ ਸ਼ਰਤਾਂ ਦੀ ਪੂਰਤੀ ਦੀ ਸ਼ਰਤ ਤੇ ਐਸ.ਐਸ.ਡੀ.ਵਿਮੈਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਬਠਿੰਡਾ ਨੂੰ ਪਿਛਲੇ ਪੰਨੇ 'ੲ' ਤੇ ਦਰਸਾਏ ਕੋਰਸ ਸੈਸ਼ਨ 1998-99 ਤੋਂ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ ਜਾਵੇ ਜੀ।

(ਓ.ਐਸ.ਡੀ.ਪ੍ਰੀਖਿਆਵਾਂ) ਡੀਨ ਕਾਲਜ ਵਿਕਾਸ ਕੌਂਸਲ ਡੀਨ ਅਕਾਦਮਿਕ ਮਾਮਲੇ

ਪਰਵਾਨਗੀ ਹਿਤ,

<u>ਵਾਈਸ-ਚਾਂਸਲਰ ਸਾਹਿਬ</u>